| Centre Number | | | | | | Candidate Number | | | | |
|---|---|---|---|---|---|---|---|---|---|---|
| Surname | | | | | | | | | | |
| Other Names | | | | | | | | | | |
| Candidate Signature | | | | | | | | | | |

| For Examiner's Use | |
|---|---|
| Examiner's Initials | |
| Section | Mark |
| 1 | |
| 2 | |
| 3 | |
| TOTAL | |

General Certificate of Education
Advanced Level Examination
June 2011

# Panjabi PANJ2

## Unit 2 Reading and Writing

**Thursday 9 June 2011 9.00 am to 12.00 noon**

**For this paper you must have:**
- the essay questions for Section 3 on an insert (enclosed).

**Time allowed**
- 3 hours

**Instructions**
- Use black ink or black ball-point pen.
- Fill in the boxes at the top of this page.
- Answer **all** questions in Sections 1 and 2 and **two** questions from Section 3. In Section 3 you must not answer both questions on the same topic.
- You must answer the questions in the spaces provided. Do not write outside the box around each page or on blank pages.
- Answer in **Panjabi**.
- Do all rough work in this book. Cross through any work you do not want to be marked.

**Information**
- The marks for questions are shown in brackets.
- The maximum mark for this paper is 100.
- You must **not** use a dictionary.
- If you need extra paper, use the Additional Answer Sheets.
- This unit is divided into three sections.
  Section 1 20 marks
  Section 2 20 marks
  Section 3 60 marks

**Advice for Section 3**
- You are strongly advised to write a plan before beginning each answer.
- To obtain high marks you must give details and facts and express your own opinions/draw your own conclusions. At all times you should explain and justify your answers.

Do not write outside the box

**Section 1**

**Question 1 (a)**

ਹੇਠ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਇਸ ਤੇ ਆਧਾਰਿਤ ਅੱਗੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੰਜਾਬੀ ਵਿੱਚ ਲਿਖੋ। ਹਰ ਉੱਤਰ ਪੂਰੇ ਵਾਕਾਂ ਵਿੱਚ ਪ੍ਰਸ਼ਨ ਅਨੁਕੂਲ ਹੀ ਹੋਣਾ ਚਾਹੀਦਾ ਹੈ।

## ਦਾਜ ਇੱਕ ਸਮਾਜਿਕ ਲਾਹਨਤ

ਪੁਰਾਣੇ ਸਮੇਂ ਵਿੱਚ ਦਾਜ ਦੀ ਰਸਮ ਇੱਕ ਚੰਗੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਸੀ ਕਿਉਂਕਿ ਮਾਪੇ ਸਹੁਰੇ ਜਾ ਰਹੀ ਧੀ ਦੀ ਆਰਥਿਕ ਸਹਾਇਤਾ ਕਰਨੀ ਚਾਹੁੰਦੇ ਸਨ। ਪਰ ਅੱਜ ਕੱਲ੍ਹ ਦਾਜ ਇੱਕ ਬੁਰਾਈ ਅਤੇ ਵੱਡੀ ਸਮੱਸਿਆ ਬਣ ਚੁੱਕਾ ਹੈ। ਬਹੁਤ ਸਾਰੇ ਲੋਕ ਆਪਣੇ ਮੁੰਡੇ ਦਾ ਵਿਆਹ ਪੱਕਾ ਕਰਨ ਵੇਲੇ ਕੁੜੀ ਵਾਲਿਆਂ ਨਾਲ ਸੌਦੇਬਾਜ਼ੀ ਕਰਦੇ ਹਨ ਅਤੇ ਦਾਜ ਵਿੱਚ ਪੈਸੇ ਜਾਂ ਹੋਰ ਕੀਮਤੀ ਚੀਜ਼ਾਂ ਦੀ ਮੰਗ ਕਰਦੇ ਹਨ। ਅਮੀਰ ਲੋਕ ਤਾਂ ਝੂਠੀ ਸ਼ਾਨ ਦਿਖਾਉਣ ਲਈ ਆਪਣੀ ਲੜਕੀ ਦੇ ਵਿਆਹ ਤੇ ਬਹੁਤ ਜ਼ਿਆਦਾ ਖਰਚ ਕਰਦੇ ਹਨ ਪਰ ਗਰੀਬਾਂ ਨੂੰ ਵੀ ਦਾਜ ਦੇਣ ਲਈ ਮਜ਼ਬੂਰ ਕੀਤਾ ਜਾਂਦਾ ਹੈ, ਜਿਸ ਲਈ ਉਹਨਾਂ ਨੂੰ ਕਰਜ਼ਾ ਚੁੱਕਣਾ ਪੈਂਦਾ ਹੈ ਜਾਂ ਜਾਇਦਾਦ ਵੇਚਣੀ ਪੈਂਦੀ ਹੈ। ਉਨ੍ਹਾਂ ਨੂੰ ਇਹ ਸਭ ਕੁਝ ਆਪਣੀ ਧੀ ਨੂੰ ਸਹੁਰੇ ਘਰ ਵਿੱਚ ਸੁਖੀ ਵਸਾਉਣ ਲਈ ਕਰਨਾ ਪੈਂਦਾ ਹੈ।

ਪਰ ਫਿਰ ਵੀ ਸਹੁਰੇ ਘਰ ਵਿੱਚ ਕਈ ਕੁੜੀਆਂ ਨਾਲ ਮਾੜਾ ਸਲੂਕ ਹੁੰਦਾ ਹੈ ਅਤੇ ਉਨ੍ਹਾਂ ਨੂੰ ਹੋਰ ਦਾਜ ਲਿਆਉਣ ਲਈ ਤੰਗ ਕੀਤਾ ਜਾਂਦਾ ਹੈ। ਇਸ ਨਾਲ ਤਲਾਕਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਅਤੇ ਕਈ ਪਰਿਵਾਰਾਂ ਵਿੱਚ ਲੜਾਈ ਝਗੜੇ ਹੋ ਕੇ ਗੱਲ ਲੜਕੀ ਦੀ ਮੌਤ ਤੱਕ ਪਹੁੰਚ ਜਾਂਦੀ ਹੈ। ਇਸ ਬੁਰਾਈ ਦੇ ਖਾਤਮੇ ਲਈ ਬਣਾਏ ਸਰਕਾਰੀ ਕਾਨੂੰਨਾਂ ਨੂੰ ਲਾਗੂ ਕਰਾਉਣ ਤੇ ਜ਼ੋਰ ਦੇਣਾ ਚਾਹੀਦਾ ਹੈ। ਦਾਜ ਦੀ ਮੰਗ ਕਰਨ ਵਾਲੇ ਲੋਕਾਂ ਦਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ ਅਤੇ ਲੋਕਾਂ ਨੂੰ ਇਸ ਬਾਰੇ ਜਾਗ੍ਰਿਤ ਕਰਨਾ ਚਾਹੀਦਾ ਹੈ। ਪੜ੍ਹੇ ਲਿਖੇ ਮੁੰਡੇ ਕੁੜੀਆਂ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋ ਕੇ ਆਪਣੀ ਮਰਜ਼ੀ ਅਨੁਸਾਰ ਵਿਆਹ ਕਰਵਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

**1 (a) (i)** ਵਾਰਤਾ ਦੇ ਸਿਰਲੇਖ 'ਦਾਜ ਇੱਕ ਸਮਾਜਿਕ ਲਾਹਨਤ' ਦਾ ਕੀ ਭਾਵ ਹੈ?

.............................................................................................................................................

*(1 mark)*

**1 (a) (ii)** ਦਾਜ ਦਾ ਰਿਵਾਜ ਕਿਸ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਸੀ?

.............................................................................................................................................

*(1 mark)*

Do not write outside the box

**1 (a) (iii)** ਵਾਰਤਾ ਅਨੁਸਾਰ ਵਿਆਹ ਤੈਅ ਕਰਨ ਵੇਲੇ ਲੜਕੀ ਦੇ ਮਾਪਿਆਂ ਨੂੰ ਕੀ ਕਰਨਾ ਪੈਂਦਾ ਹੈ ?

..........................................................................................................................................

*(1 mark)*

**1 (a) (iv)** ਗਰੀਬ ਲੋਕਾਂ ਤੇ ਦਾਜ ਦੇ ਰਿਵਾਜ ਦਾ ਕੀ ਅਸਰ ਪੈਂਦਾ ਹੈ ਅਤੇ ਇਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਕੀ ਕਰਨਾ ਪੈਂਦਾ ਹੈ ?

..........................................................................................................................................

..........................................................................................................................................

*(2 marks)*

**1 (a) (v)** ਦਾਜ ਦੇ ਲਾਲਚੀ ਸਹੁਰੇ ਘਰਾਂ ਵਿੱਚ ਕੁੜੀਆਂ ਨੂੰ ਕੀ ਕੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ? ਦੋ ਗੱਲਾਂ ਲਿਖੋ ?

..........................................................................................................................................

..........................................................................................................................................

*(2 marks)*

**1 (a) (vi)** ਲੇਖਕ ਨੇ ਦਾਜ ਦੀ ਸਮੱਸਿਆ ਹੱਲ ਕਰਨ ਲਈ ਕੀ ਸੁਝਾਅ ਦਿੱਤੇ ਹਨ ? ਕੋਈ ਤਿੰਨ ਗੱਲਾਂ ਲਿਖੋ ।

..........................................................................................................................................

..........................................................................................................................................

..........................................................................................................................................

*(3 marks)*

**Question 1 continues on the next page**

**Turn over ▶**

Do not write outside the box

**Question 1(b)**

ਹੇਠ ਦਿੱਤੀ ਵਾਰਤਾ ਨੂੰ ਧਿਆਨ ਨਾਲ ਪੜ੍ਹੋ ਅਤੇ ਪ੍ਰਸ਼ਨਾਂ ਦੇ ਉੱਤਰ ਵਾਰਤਾ ਦੇ ਵਿਸ਼ੇ-ਵਸਤੂ ਦੇ ਆਧਾਰ ਤੇ ਦਿਉ।

## ਫੈਸ਼ਨ ਦਾ ਵਿਦਿਆਰਥੀਆਂ ਤੇ ਪ੍ਰਭਾਵ

ਦੁਨੀਆਂ ਵਿੱਚ ਅੱਜ ਕੱਲ੍ਹ ਫੈਸ਼ਨ ਜ਼ੋਰਾਂ ਤੇ ਹੈ ਅਤੇ ਹਰ ਕੋਈ ਇਸ ਦੌੜ ਵਿੱਚ ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰ ਰਿਹਾ ਹੈ। ਡਿਜ਼ਾਈਨਰ ਕੱਪੜੇ ਪਾਉਣੇ ਇੱਕ ਆਮ ਗੱਲ ਬਣ ਗਈ ਹੈ। ਇਸ ਦਾ ਸਭ ਤੋਂ ਵੱਧ ਅਸਰ ਵਿਦਿਆਰਥੀਆਂ ਤੇ ਹੋਇਆ ਹੈ। ਉਹ ਆਪਣੇ ਮਾਪਿਆਂ ਦੀ ਖ਼ੂਨ ਪਸੀਨੇ ਨਾਲ ਕੀਤੀ ਕਮਾਈ, ਆਪਣਾ ਕੀਮਤੀ ਸਮਾਂ ਅਤੇ ਸ਼ਕਤੀ ਫੈਸ਼ਨਦਾਰ ਕੱਪੜੇ ਪਹਿਨਣ ਅਤੇ ਸਜਣ ਸੰਵਰਨ ਤੇ ਖਰਚ ਕਰਦੇ ਹਨ। ਨਤੀਜੇ ਵਜੋਂ ਉਹ ਆਪਣੀ ਪੜ੍ਹਾਈ ਵੱਲ ਪੂਰਾ ਧਿਆਨ ਨਹੀਂ ਦਿੰਦੇ ਅਤੇ ਪਿੱਛੇ ਰਹਿ ਜਾਂਦੇ ਹਨ। ਮੁੰਡੇ ਕੁੜੀਆਂ ਇੱਕ ਦੂਜੇ ਨਾਲੋਂ ਜ਼ਿਆਦਾ ਕੀਮਤੀ, ਸੁਹਣੇ ਅਤੇ ਨਵੇਂ ਫੈਸ਼ਨ ਦੇ ਕੱਪੜੇ ਪਾਉਣ ਦੇ ਮੁਕਾਬਲੇ ਕਰਨ ਵਿੱਚ ਲੱਗੇ ਰਹਿੰਦੇ ਹਨ। ਫਿਲਮ ਐਕਟ੍ਰੈਸਾਂ ਅਤੇ ਮਾਡਲਾਂ ਦੀ ਨਕਲ ਕਰਨ ਨਾਲ ਨੰਗੇਜ਼ ਵਿੱਚ ਕਾਫੀ ਵਾਧਾ ਹੋ ਰਿਹਾ ਹੈ।

ਫੈਸ਼ਨ ਸਿਰਫ ਕੱਪੜਿਆਂ ਤੱਕ ਹੀ ਸੀਮਿਤ ਨਹੀਂ ਸਗੋਂ ਐਨਕਾਂ, ਜੁੱਤੀਆਂ, ਮੇਕਅੱਪ ਅਤੇ ਵਾਲ ਬਣਾਉਣ ਤੇ ਰੰਗਣ ਤੋਂ ਇਲਾਵਾ ਇਸ ਵਿੱਚ ਹੋਰ ਬਹੁਤ ਸਾਰੇ ਖਰਚ ਸ਼ਾਮਲ ਹਨ। ਇਹ ਬਿਲਕੁਲ ਸੱਚ ਹੈ ਕਿ ਫੈਸ਼ਨ ਇੱਕ ਕਿਸਮ ਦੀ ਫਜ਼ੂਲ ਖਰਚੀ ਅਤੇ ਦਿਖਾਵਾ ਹੈ ਅਤੇ ਇਸ ਦਾ ਕੋਈ ਖਾਸ ਲਾਭ ਨਹੀਂ ਹੈ। ਪਹਿਰਾਵਾ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਪਾਉਣ ਵਾਲੇ ਨੂੰ ਵੀ ਚੰਗਾ ਲੱਗੇ ਅਤੇ ਦੇਖਣ ਵਾਲਾ ਵੀ ਦੇਖਦਾ ਹੀ ਰਹਿ ਜਾਵੇ। ਸਰੀਰ ਢਕਣ ਲਈ ਪਹਿਰਾਵਾ ਜੀਵਨ ਦਾ ਇੱਕ ਜ਼ਰੂਰੀ ਹਿੱਸਾ ਹੈ ਅਤੇ ਇਹ ਲੋਕਾਂ ਦੇ ਸਭਿਆਚਾਰ ਅਤੇ ਪਛਾਣ ਦਾ ਮਹੱਤਵਪੂਰਣ ਚਿੰਨ੍ਹ ਹੈ।

ਹੇਠਾਂ ਦਿੱਤੇ ਵਾਕਾਂ ਨੂੰ ਪੜ੍ਹੋ ਅਤੇ ਵਾਰਤਾ ਦੇ ਵਿਸ਼ੇ-ਵਸਤੂ ਨਾਲ ਤੁਲਨਾ ਕਰੋ। ਆਪਣਾ ਉੱਤਰ '**ਠੀਕ**', '**ਗਲਤ**' ਜਾਂ ਪਤਾ ਨਹੀਂ '**?**' ਵਾਲੇ ਖਾਨਿਆਂ ਵਿੱਚ ਟਿੱਕ ਕਰ ਕੇ ਦਿਉ।

| | | ਠੀਕ | ਗਲਤ | ? | |
|---|---|---|---|---|---|
| **1 (b) (i)** | ਆਦਮੀ ਅਤੇ ਔਰਤਾਂ ਫੈਸ਼ਨ ਦੀ ਦੌੜ ਵਿੱਚ ਫਸੇ ਹੋਏ ਹਨ। | | | | *(1 mark)* |

| | | ਠੀਕ | ਗਲਤ | ? | |
|---|---|---|---|---|---|
| **1 (b) (ii)** | ਫੈਸ਼ਨ ਦਾ ਅਸਰ ਵਿਦਿਆਰਥੀਆਂ ਤੇ ਬਿਲਕੁਲ ਨਹੀਂ ਹੋਇਆ ਹੈ। | | | | *(1 mark)* |

Do not write outside the box

| | | ਠੀਕ | ਗਲਤ | ? | |
|---|---|---|---|---|---|
| **1 (b) (iii)** | ਲੋਕ ਫੈਸ਼ਨ ਕਰਨ ਲਈ ਸਿਰਫ ਫੈਸ਼ਨਦਾਰ ਕੱਪੜੇ ਹੀ ਪਾਉਂਦੇ ਹਨ। | | | | *(1 mark)* |

| | | ਠੀਕ | ਗਲਤ | ? | |
|---|---|---|---|---|---|
| **1 (b) (iv)** | ਪਹਿਰਾਵੇ ਤੋਂ ਵਿਅਕਤੀ ਦੇ ਪਿਛੋਕੜ ਬਾਰੇ ਪਤਾ ਲਗਦਾ ਹੈ। | | | | *(1 mark)* |

| | | ਠੀਕ | ਗਲਤ | ? | |
|---|---|---|---|---|---|
| **1 (b) (v)** | ਬਜ਼ੁਰਗ ਲੋਕ ਫੈਸ਼ਨ ਦੇ ਵਿਰੁੱਧ ਹਨ। | | | | *(1 mark)* |

**Question 1 continues on the next page**

Do not write outside the box

**Question 1(c)**

| | | |
|---|---|---|
| | **ਪਹਿਲਾ ਭਾਗ**<br>ਵਾਰਤਾ ਤੇ ਆਧਾਰਿਤ ਹੇਠ ਲਿਖੇ ਪਹਿਲੇ ਭਾਗ ਦੇ ਵਾਕ ਪੜ੍ਹੋ । ਇਨ੍ਹਾਂ ਨੂੰ ਪੂਰਾ ਕਰਨ ਲਈ ਅਗਲੇ ਸਫੇ ਤੇ ਦੂਜੇ ਭਾਗ ਵਿੱਚ ਲਿਖੇ ਠੀਕ ਵਾਕ ਦਾ ਨੰਬਰ ਪਹਿਲੇ ਭਾਗ ਵਿੱਚ ਦਿੱਤੇ ਖਾਨੇ ਵਿੱਚ ਲਿਖੋ । | |
| **ਉਦਾਹਰਣ:** | ਡਿਜ਼ਾਈਨਰ ਕੱਪੜੇ ਪਹਿਨਣੇ | **3** |

| | | | |
|---|---|---|---|
| **1 (c) (i)** | ਵਿਦਿਆਰਥੀ ਆਪਣੇ ਮਾਤਾ ਪਿਤਾ ਦੇ ਮਿਹਨਤ ਨਾਲ ਕਮਾਏ ਪੈਸੇ ਨੂੰ | | *(1 mark)* |
| **1 (c) (ii)** | ਐਕਟਰਾਂ ਦੀ ਨਕਲ ਕਰਕੇ ਫੈਸ਼ਨ ਕਰਨ ਨਾਲ | | *(1 mark)* |
| **1 (c) (iii)** | ਫੈਸ਼ਨ ਤੇ ਸਮਾਂ ਬਰਬਾਦ ਕਰਨ ਨਾਲੋਂ | | *(1 mark)* |
| **1 (c) (iv)** | ਫੈਸ਼ਨ ਇਹੋ ਜਿਹਾ ਕਰੋ | | *(1 mark)* |
| **1 (c) (v)** | ਫੈਸ਼ਨ ਦਾ ਰਿਵਾਜ ਇੰਨਾ ਵਧ ਗਿਆ ਹੈ ਕਿ | | *(1 mark)* |

Do not write outside the box

| | ਦੂਜਾ ਭਾਗ |
|---|---|
| 1 | ਪੜ੍ਹਾਈ ਕਰਨੀ ਜ਼ਰੂਰੀ ਹੈ। |
| 2 | ਅਤੇ ਇਨ੍ਹਾਂ ਤੋਂ ਪਿਛੋਕੜ ਦਾ ਪਤਾ ਵੀ ਲਗਦਾ ਹੈ। |
| 3 | ਇੱਕ ਸਧਾਰਨ ਗੱਲ ਬਣ ਗਈ ਹੈ। |
| 4 | ਜੋ ਮਨ-ਭਾਉਂਦਾ ਵੀ ਹੋਵੇ ਅਤੇ ਜੱਗ-ਭਾਉਂਦਾ ਵੀ। |
| 5 | ਫੈਸ਼ਨਦਾਰ ਕੱਪੜੇ ਖਰੀਦਣ ਤੇ ਖਰਚ ਕਰਦੇ ਹਨ। |
| 6 | ਉਹ ਪੜ੍ਹਾਈ ਵਿੱਚ ਹੁਸ਼ਿਆਰ ਹੋ ਜਾਂਦੇ ਹਨ। |
| 7 | ਮੁੰਡੇ ਕੁੜੀਆਂ ਫੈਸ਼ਨ ਵਿੱਚ ਇੱਕ ਦੂਜੇ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦੇ ਹਨ। |
| 8 | ਪਰ ਇਹ ਫੋਕੀ ਸ਼ਾਨ ਦਿਖਾਉਣ ਲਈ ਨਹੀਂ ਹੋਣਾ ਚਾਹੀਦਾ। |
| 9 | ਸਰੀਰ ਦਾ ਦਿਖਾਵਾ ਜ਼ਿਆਦਾ ਵਧ ਰਿਹਾ ਹੈ। |
| 10 | ਬੇਮਤਲਬ ਫੈਸ਼ਨ ਕਰਨ ਨਾਲੋਂ ਸਾਦਾ ਪਹਿਰਾਵਾ ਉਚਿਤ ਹੈ। |

20

Turn over ▶

Do not write outside the box

## Section 2

**Question 2**

ਹੇਠ ਲਿਖੇ ਪੈਰੇ ਦਾ ਪੰਜਾਬੀ ਵਿੱਚ ਉਲਥਾ ਕਰੋ :

### The Importance of Language

Language is very important in any culture and it does far more than just enable people to communicate with each other. Languages change people's thinking and they are an important part of one's cultural identity. Learning different languages plays a significant role in developing the mind. Educational research shows that children who speak more than one language develop the ability to think in a variety of ways. This improves their learning ability and raises their academic achievement.

There are many countries, including India, where more than one language is spoken and you will find more than one culture in that society. In India English is the second most spoken language and in most parts people communicate in English. Bearing this in mind, the government of India has also accepted English as an official language in addition to Hindi.

*(20 marks)*

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

....................................................................................................................................

Do not write outside the box

20

Turn over ▶

Do not write outside the box

**Section 3**

**Writing**

See the Insert for the questions.

For Essay 1, write the number of the question you have chosen in the box below, eg **3 (a)**.
Go to page 14 to write your answer to Essay 2.
If you need extra space to write your answer to Essay 1, you must use an Additional Answer Sheet, clearly indicating the question number you are answering.
You must not write an answer to Essay 2 in the space provided for Essay 1.

**ESSAY 1**

*Do not write outside the box*

Turn over ▶

Do not write outside the box

Do not write outside the box

Turn over ▶

*Do not write outside the box*

## Section 3

## Writing

See the Insert for the questions.

For Essay 2, write the number of the question you have chosen in the box below, eg **4 (a)**.
If you need extra space to write your answer to Essay 2, you must use an Additional Answer Sheet, clearly indicating the question number you are answering.
You must not write an answer to Essay 2 in the space provided for Essay 1.

### ESSAY 2

*Do not write outside the box*

**Turn over ▶**

Do not write outside the box

Do not write outside the box

**END OF QUESTIONS**

60

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Do not write outside the box

**There are no questions printed on this page**

**DO NOT WRITE ON THIS PAGE**
**ANSWER IN THE SPACES PROVIDED**

Copyright © 2011 AQA and its licensors. All rights reserved.